# BC ਕਿਸਾਨ ਆਈ.ਡੀ. ਕਾਰਡ ਅਰਜ਼ੀ

ਕਿਰਪਾ ਕਰਕੇ ਫਾਰਮ ਇੰਗਲਿਸ਼ ਵਿੱਚ ਭਰਿਓ

## ਚੈਕਲਿਸਟ:

ਆਪਣਾ BC ਕਿਸਾਨ ਪਹਿਚਾਣ ਪੱਤਰ (ਆਈ.ਡੀ.) ਪ੍ਰਾਪਤ ਕਰਨ ਲਈ, ਇਹ ਦੇਖ ਲਓ ਕਿ BC ਖੇਤੀਬਾੜੀ ਕੌਂਸਲ (ਬੀਸੀਏਸੀ) ਨੂੰ ਅਰਜ਼ੀ ਜਮ੍ਹਾਂ ਕਰਾਉਣ ਤੋਂ ਪਹਿਲਾਂ ਤੁਹਾਡੇ ਕੋਲ ਹੇਠ ਲਿਖੀਆਂ ਚੀਜ਼ਾਂ ਤਿਆਰ ਹਨ:

- ☑ 1. ਕਿਸਾਨ ਆਈ.ਡੀ. ਕਾਰਡ ਅਰਜ਼ੀ ਦਾ ਫਾਰਮ ਭਰਿਆ ਹੋਵੇ;
- ☑ 2. ਤੁਹਾਡੀ ਮੌਜੂਦਾ (ਪਰੌਪਰਟੀ ਅਸੈੱਸਮੈਂਟ) ਜਾਇਦਾਦ ਦਾ ਹਿਸਾਬ;
- ☑ 3. ਪੈਸੇ (ਜਿੰਨੇ ਪੈਸੇ ਚਾਹੀਦੇ ਹਨ ਉਹਦੇ ਲਈ ਜਾਂ ਤਾਂ **"BC Agriculture Council"** ਦੇ ਨਾਂ ਦਾ ਚੈੱਕ ਦਿਓ ਤੇ ਜਾਂ ਫਿਰ ਕ੍ਰੈਡਿਟ ਕਾਰਡ ਨੰਬਰ)।
- ☑ 4. ਜੇਕਰ ਫਾਰਮ (ਖੇਤ) ਹੋਰ ਕਿਸੇ ਦੇ ਨਾਂ ਤੇ ਹੈ ਜਾਂ ਫਿਰ ਲੀਜ਼ (ਠੇਕੇ) ਤੇ ਲਿਆ ਹੋਇਆ ਹੈ, ਤਾਂ ਕਿਰਪਾ ਕਰਕੇ ਪਿਛਲੇ ਲੀਜ਼ ਐਗਰੀਮੈਂਟ ਦੀ ਨਕਲ ਇਹਦੇ ਨਾਲ ਸ਼ਾਮਿਲ ਕਰੋ ਅਤੇ ਮਾਲਕ ਦੇ ਨਾਂ ਦੀ ਪਰੌਪਰਟੀ ਅਸੈੱਸਮੈਂਟ (ਜਾਇਦਾਦ ਦਾ ਹਿਸਾਬ) ਵੀ ਸ਼ਾਮਿਲ ਕਰੋ।

ਇਹ ਅਰਜ਼ੀ ਫਾਰਮ ਅਤੇ ਜ਼ਰੂਰੀ ਜਾਣਕਾਰੀ BCAC ਦੇ ਔਫਿਸ 604.854.4485 ਵਿੱਚ ਫੈਕਸ ਕੀਤੀ ਜਾ ਸਕਦੀ ਹੈ।

BCAC ਸੈਕਟਰਲ ਮੈਂਬਰਸ਼ਿਪ ਦੇ ਹੇਠ ਚੱਲਦਾ ਹੈ ਅਤੇ ਇਸਦੇ ਵਿੱਚ ਕੋਈ ਵੀ ਸਿੱਧੀ ਮੈਂਬਰਸ਼ਿਪ ਨਹੀਂ ਹੁੰਦੀ। ਜੇਕਰ ਤੁਸੀਂ ਇੱਕ ਅਜਿਹੀ ਐਸੋਸੀਏਸ਼ਨ ਦਾ ਹਿੱਸਾ ਹੋ ਜੋ BCAC ਦੀ ਮੈਂਬਰ ਹੈ, ਤਾਂ ਤੁਹਾਨੂੰ ਵੀ ਇੱਕ ਮੈਂਬਰ ਹੀ ਸਮਝਿਆ ਜਾਂਦਾ ਹੈ ਅਤੇ ਤੁਸੀਂ ਘੱਟ ਫੀਸ ਵੀ ਭਰ ਸਕਦੇ ਹੋ। ਜੇਕਰ ਤੁਸੀਂ ਅਜਿਹੀ ਕੋਈ ਐਸੋਸੀਏਸ਼ਨ ਦਾ ਹਿੱਸਾ ਨਹੀਂ ਹੋ, ਤਾਂ ਕਿਰਪਾ ਕਰਕੇ non-member (ਕੋਈ ਮੈਂਬਰ ਨਹੀਂ ਹਾਂ) ਫੀਸ ਭਰੋ। ਫੀਸਾਂ ਹੇਠ ਲਿਖੇ ਅਨੁਸਾਰ ਹਨ:

| ਕਾਰਡ ਦੀ ਕੀਮਤ | BCAC ਮੈਂਬਰ ਐਸੋਸੀਏਸ਼ਨ ਦੇ ਮੈਂਬਰ | ਕੋਈ ਮੈਂਬਰ ਨਹੀਂ ਹਾਂ | ਕਾਰਡਾਂ ਦੀ ਗਿਣਤੀ | ਕੁੱਲ ਖਰਚਾ |
|---|---|---|---|---|
| 1 ਸਾਲ ਲਈ 'ਕੁਆਲੀਫਾਈਡ ਫਾਰਮਰ ਕਾਰਡ' - ਇਸਦੀ ਕੀਮਤ ਵਿੱਚ 2 ਕਾਰਡ ਸ਼ਾਮਿਲ ਹਨ | $100 (ਤੇ ਟੈਕਸ ਵੀ) | $200 (ਤੇ ਟੈਕਸ ਵੀ) | | |
| 1 ਸਾਲ ਲਈ 'ਅਧਿਕਾਰਤ (Authorized) ਕਾਰਡ' - ਅਰਜ਼ੀ ਰਿਵਰਸ ਤੇ | $25 (ਤੇ ਟੈਕਸ ਵੀ) | $25 (ਤੇ ਟੈਕਸ ਵੀ) | | |
| 3 ਸਾਲ ਲਈ 'ਕੁਆਲੀਫਾਈਡ ਫਾਰਮਰ ਕਾਰਡ' - ਇਸਦੀ ਕੀਮਤ ਵਿੱਚ 2 ਕਾਰਡ ਸ਼ਾਮਿਲ ਹਨ | $285 (ਤੇ ਟੈਕਸ ਵੀ) | $570 (ਤੇ ਟੈਕਸ ਵੀ) | | |
| 3 ਸਾਲ ਲਈ 'ਅਧਿਕਾਰਤ (Authorized) ਕਾਰਡ' - ਅਰਜ਼ੀ ਰਿਵਰਸ ਤੇ | $75 (ਤੇ ਟੈਕਸ ਵੀ) | $75 (ਤੇ ਟੈਕਸ ਵੀ) | | |
| | | | ਕੁੱਲ | |
| | | | **GST (5%)** | |
| | | | ਦੇਣਯੋਗ ਰਕਮ | 0 |

## ਕੁਆਲੀਫਾਈਡ ਫਾਰਮਰ ਕਾਰਡ-ਹੋਲਡਰ ਅਰਜ਼ੀ (ਸਾਰੇ ਲਾਗੂ ਹੁੰਦੇ ਖਾਨੇ ਭਰੋ)

ਮੈਂ ਇਹ ਤਸਦੀਕ ਕਰਦਾ ਹਾਂ ਕਿ ਮੈਂ ਇੱਕ ਕੁਆਲੀਫਾਈਡ ਫਾਰਮਰ ਹਾਂ, ਜਿਵੇਂ ਕਿ ਬ੍ਰਿਟਿਸ਼ ਕੋਲੰਬੀਆ ਸੂਬੇ ਨੇ 'ਕੁਆਲੀਫਾਈਡ ਫਾਰਮਰ' ਦੀ ਪਰਿਭਾਸ਼ਾ ਦਿੱਤੀ ਹੈ। ਮੈਂ ਸਮਝਦਾ ਹਾਂ ਕਿ ਮੈਂ ਇਸ BC ਫਾਰਮਰ ID ਕਾਰਡ ਦੀ ਵਰਤੋਂ ਸਿਰਫ ਫਾਰਮ ਦੇ ਕੰਮਾਂ ਲਈ ਹੀ ਕਰਾਂਗਾ ਅਤੇ ਸਾਰੇ ਲਾਗੂ ਕਾਨੂੰਨਾਂ, ਨਿਯਮਾਂ ਅਤੇ ਪਾਬੰਦੀਆਂ ਦੀ ਪਾਲਣਾ ਕਰਾਂਗਾ। ਜੇਕਰ ਮੈਂ ਇੱਕ ਕੁਆਲੀਫਾਈਡ ਫਾਰਮਰ ਬਣਨਾ ਬੰਦ ਕਰਦਾ ਹਾਂ, ਤਾਂ ਬ੍ਰਿਟਿਸ਼ ਕੋਲੰਬੀਆ ਸੂਬੇ ਦੀ 'ਕੁਆਲੀਫਾਈਡ ਫਾਰਮਰ' ਪਰਿਭਾਸ਼ਾ ਦੇ ਅਨੁਸਾਰ, ਮੈਂ ਨਾਲ ਦੀ ਨਾਲ ਇਸ BC ਫਾਰਮਰ ID ਕਾਰਡ ਦੀ ਵਰਤੋਂ ਕਰਨਾ ਬੰਦ ਕਰ ਦੇਵਾਂਗਾ ਅਤੇ ਮੈਂ ਕਿਸੇ ਵੀ ਅਧਿਕਾਰਤ ਕਾਰਡ-ਹੋਲਡਰਾਂ ਨੂੰ ਰੋਕ ਦੇਵਾਂਗਾ ਕਿ ਉਹ ਮੇਰੇ ਵੱਲੋਂ ਇੱਕ ਕੁਆਲੀਫਾਈਡ ਫਾਰਮਰ ਦੇ ਤੌਰ ਤੇ ਪੇਸ਼ ਆਉਣਾ ਬੰਦ ਕਰ ਦੇਣ। ਮੈਂ ਆਪਣੇ ਫਾਰਮ 'ਤੇ ਖੇਤੀਬਾੜੀ ਵਰਗੀਕਰਨ ਦਾ ਹੱਕ ਰੱਖਦਾ ਹਾਂ ਜਿਵੇਂ ਕਿ ਬੀਸੀ ਅਸੈਸਮੈਂਟ ਐਕਟ ਦੇ ਪ੍ਰਾਵਧਾਨਾਂ ਵਿਚ ਪਰਿਭਾਸ਼ਿਤ ਕੀਤਾ ਗਿਆ ਹੈ।

ਕਿਰਪਾ ਕਰਕੇ ਇਸ ਸਾਲ ਦੀ ਆਪਣੀ ਪਰੌਪਰਟੀ ਅਸੈੱਸਮੈਂਟ ਦੇ ਨੋਟਿਸ ਦੀ ਵੀ ਇੱਕ ਨਕਲ ਇਸਦੇ ਨਾਲ ਸ਼ਾਮਿਲ ਕਰ ਦਿਓ

# BC ਕਿਸਾਨ ਆਈ.ਡੀ. ਕਾਰਡ ਅਰਜ਼ੀ

ਨਾਂ | ਫਾਰਮ ਦਾ ਨਾਂ | ROLL #/FOLIO #

ਮੇਲ ਭੇਜਣ ਦਾ ਪਤਾ

ਫਾਰਮ ਦਾ ਪਤਾ (ਜੇਕਰ MAILING ADDRESS ਨਾਲੋਂ ਵੱਖਰਾ ਹੈ)

ਸ਼ਹਿਰ/ਟਾਊਨ | ਸੂਬਾ | ਡਾਕ ਕੋਡ

( ) ( )

ਫੋਨ | ਫੈਕਸ | ਈਮੇਲ

ਦਸਤਖ਼ਤ | ਦਸਤਖ਼ਤ ਕਰਨ ਦੀ ਮਿਤੀ

ਹੋਰ ਕੁਆਲੀਫਾਈਡ ਫਾਰਮਰ ਦਾ ਨਾਂ ਜੋ ਕਾਰਡ-ਹੋਲਡਰ ਹੈ | ਦਸਤਖ਼ਤ | ਦਸਤਖ਼ਤ ਕਰਨ ਦੀ ਮਿਤੀ

ਤੁਹਾਡੇ ਕੋਲ ਕਿਹੜੀ BCAC ਮੈਂਬਰ ਐਸੋਸੀਏਸ਼ਨ ਦੀ ਮੈਂਬਰਸ਼ਿਪ ਹੈ? (ਮੈਂਬਰ ਐਸੋਸੀਏਸ਼ਨਾਂ ਦੀ ਸੂਚੀ ਦੇਖਣ ਲਈ bcac.ca ਤੇ ਜਾਓ)

PREMISES ID (ਅਚੱਲ ਸੰਪੱਤੀ ID) - ਪਸ਼ੂ ਸੰਪੱਤੀ ਲਈ

ਚੈੱਕ / ਵੀਜ਼ਾ / ਮਾਸਟਰਕਾਰਡ: | ਕਾਰਡ ਨੰਬਰ: | ਅੰਤ ਹੋਣ ਦੀ ਮਿਤੀ (EXPIRY DATE): | CVC ਕੋਡ:

ਜਿੰਨੇ ਅਧਿਕਾਰਤ (Authorized) ਕਾਰਡ ਚਾਹੀਦੇ ਹਨ, ਉਹਨਾਂ ਦੀ ਗਿਣਤੀ: ______________

**ਜਰੂਰੀ ਗੱਲ: ਜਦੋਂ ਤੁਹਾਡੀ ਅਰਜ਼ੀ ਸਵੀਕਾਰ ਹੋ ਗਈ ਅਤੇ ਤੁਹਾਡਾ ਫਾਰਮ ਸਟੇਟਸ ਸਹੀ ਸਮਝਿਆ ਗਿਆ ਤਾਂ ਤੁਹਾਡੇ BC ਫਾਰਮਰ ਪਹਿਚਾਣ ਕਾਰਡ ਜਾਰੀ ਕੀਤੇ ਜਾਣਗੇ ਅਤੇ ਜਾਰੀ ਕਰਨ ਵਾਲੇ ਦਿਨ ਹੀ ਇਸਦੇ ਖਤਮ (ਐਕਸਪਾਇਰ) ਹੋਣ ਦੀ ਮਿਤੀ ਦੱਸੀ ਜਾਵੇਗੀ।**

**ਕਿਰਪਾ ਕਰਕੇ ਇਸ ਸਾਲ ਦੀ ਆਪਣੀ ਪਰੌਪਰਟੀ ਅਸੈੱਸਮੈਂਟ ਦੇ ਨੋਟਿਸ ਦੀ ਵੀ ਇੱਕ ਨਕਲ ਇਸਦੇ ਨਾਲ ਸ਼ਾਮਿਲ ਕਰ ਦਿਓ**

**UNIT 1 - 2650 PROGRESSIVE WAY, ABBOTSFORD BC V2T 6H9 P: 604.854.4454 T: 866.522.3447 F: 604.854.4485 E: info@bcac.ca**

# BC ਕਿਸਾਨ ਆਈ.ਡੀ. ਕਾਰਡ ਅਰਜ਼ੀ

## ਹੋਰ ਕਾਰਡ (ਹਰ ਕਾਰਡ ਦੇ 25 ਡਾਲਰ):

ਮੈਂ ਤਸਦੀਕ ਕਰਦਾ ਹਾਂ ਕਿ ਮੈਂ ਇੱਕ 'ਕੁਆਲੀਫਾਈਡ ਫਾਰਮਰ' ਹਾਂ, ਜਿਵੇਂ ਕਿ ਬ੍ਰਿਟਿਸ਼ ਕੋਲੰਬੀਆ ਸੂਬੇ ਦੁਆਰਾ ਪਰਿਭਾਸ਼ਿਤ ਕੀਤਾ ਹੈ, ਅਤੇ ਹੇਠ ਅਰਜ਼ੀ ਲਾਉਣ ਵਾਲੇ ਲੋਕਾਂ ਨੂੰ 'BC ਫਾਰਮਰ ਪਹਿਚਾਣ ਕਾਰਡ' ਮਿਲੇਗਾ। ਮੈਂ ਇਹ ਤਸਦੀਕ ਕਰਦਾ ਹਾਂ ਕਿ ਇਸ ਕਾਰਡ ਦੀ ਵਰਤੋਂ ਮੈਂ ਸਿਰਫ ਫਾਰਮ ਲਈ ਹੀ ਕਰਾਂਗਾ ਤੇ ਉਹ ਵੀ

______________________________

ਕੁਆਲੀਫਾਈਡ ਫਾਰਮਰ ਦਾ ਨਾਂ

ਵੱਲੋਂ ਕਰਾਂਗਾ ਅਤੇ ਸਾਰੇ ਲਾਗੂ ਕਾਨੂੰਨਾਂ, ਨਿਯਮਾਂ ਅਤੇ ਪਾਬੰਦੀਆਂ ਦੀ ਪਾਲਣਾ ਕਰਾਂਗਾ।

| ਕੁਆਲੀਫਾਈਡ ਫਾਰਮਰ ਦੇ ਦਸਤਖ਼ਤ | ਦਸਤਖ਼ਤ ਕਰਨ ਦੀ ਮਿਤੀ |
|---|---|

ਮੈਂ ਇਹ ਤਸਦੀਕ ਕਰਦਾ ਹਾਂ ਕਿ ਮੈਂ ਇਸ ਕਾਰਡ ਦੀ ਵਰਤੋਂ ਸਿਰਫ ਫਾਰਮ ਦੇ ਕੰਮਾਂ ਲਈ ਹੀ ਕਰਾਂਗਾ ਉਹ ਵੀ ਕੁਆਲੀਫਾਈਡ ਫਾਰਮਰ ਦੇ ਵੱਲੋਂ ਹੀ ਕਰਾਂਗਾ ਅਤੇ ਸਾਰੇ ਲਾਗੂ ਕਾਨੂੰਨਾਂ, ਨਿਯਮਾਂ ਅਤੇ ਪਾਬੰਦੀਆਂ ਦੀ ਪਾਲਣਾ ਕਰਾਂਗਾ। ਜਿਵੇਂ ਕਿ ਬ੍ਰਿਟਿਸ਼ ਕੋਲੰਬੀਆ ਸੂਬੇ ਨੇ 'ਕੁਆਲੀਫਾਈਡ ਫਾਰਮਰ' ਦੀ ਪਰਿਭਾਸ਼ਾ ਚ ਇਹ ਕਿਹਾ ਹੈ ਕਿ ਜੇਕਰ ਇੱਕ ਕੁਆਲੀਫਾਈਡ ਫਾਰਮਰ ਇੱਕ ਕੁਆਲੀਫਾਈਡ ਫਾਰਮਰ ਬਣਨਾ ਬੰਦ ਕਰ ਦਿੰਦਾ ਹੈ, ਤਾਂ ਉਸਦਾ ਫਰਜ ਬਣਦਾ ਹੈ ਕਿ ਉਹ ਨਾਲ ਦੀ ਨਾਲ ਕੁਆਲੀਫਾਈਡ ਫਾਰਮਰ ਦੇ ਸੰਬੰਧਿਤ ਸਾਰੇ BC ਫਾਰਮਰ ID ਕਾਰਡਾਂ ਦੀ ਵਰਤੋਂ ਕਰਨਾ ਬੰਦ ਕਰ ਦੇਵੇ।

| 'ਅਧਿਕਾਰਤ (Authorized) ਕਾਰਡ' ਵਰਤਣ ਵਾਲੇ ਦਾ ਨਾਂ | 'ਅਧਿਕਾਰਤ (Authorized) ਕਾਰਡ' ਵਰਤਣ ਵਾਲੇ ਦੇ ਦਸਤਖ਼ਤ | ਮਿਤੀ ਜਿਸ ਦਿਨ ਦਸਤਖ਼ਤ ਕੀਤੇ ਹਨ |
|---|---|---|
| 'ਅਧਿਕਾਰਤ (Authorized) ਕਾਰਡ' ਵਰਤਣ ਵਾਲੇ ਦਾ ਨਾਂ | 'ਅਧਿਕਾਰਤ (Authorized) ਕਾਰਡ' ਵਰਤਣ ਵਾਲੇ ਦੇ ਦਸਤਖ਼ਤ | ਮਿਤੀ ਜਿਸ ਦਿਨ ਦਸਤਖ਼ਤ ਕੀਤੇ ਹਨ |
| 'ਅਧਿਕਾਰਤ (Authorized) ਕਾਰਡ' ਵਰਤਣ ਵਾਲੇ ਦਾ ਨਾਂ | 'ਅਧਿਕਾਰਤ (Authorized) ਕਾਰਡ' ਵਰਤਣ ਵਾਲੇ ਦੇ ਦਸਤਖ਼ਤ | ਮਿਤੀ ਜਿਸ ਦਿਨ ਦਸਤਖ਼ਤ ਕੀਤੇ ਹਨ |

## ਨਿਯਮ ਅਤੇ ਸ਼ਰਤਾਂ:

BC ਫਾਰਮਰ ਪਹਿਚਾਣ ਕਾਰਡ ਦੀ ਅਰਜ਼ੀ ਲਾਉਣ ਨਾਲ, ਕੁਆਲੀਫਾਈਡ ਫਾਰਮਰ ID ਕਾਰਡ-ਹੋਲਡਰ ਅਤੇ ਸਾਰੇ ਅਧਿਕਾਰਤ (Authorized) ਕਾਰਡ-ਹੋਲਡਰ, ਸਭ ਨਿਯਮਾਂ ਅਤੇ ਸ਼ਰਤਾਂ ਨਾਲ ਸਹਿਮਤ ਹਨ।

## ਪਰਿਭਾਸ਼ਾ:

ਕੁਆਲੀਫਾਈਡ ਫਾਰਮਰ – **ਬ੍ਰਿਟਿਸ਼ ਕੋਲੰਬੀਆ ਸੂਬੇ ਨੇ 'ਕੁਆਲੀਫਾਈਡ ਫਾਰਮਰ' ਦੀ ਪਰਿਭਾਸ਼ਾ ਦਿੱਤੀ ਹੈ।** / ਸੋਸ਼ਲ ਸਰਵਿਸ ਟੈਕਸ ਐਕਟ ਰੈਗੂਲੇਸ਼ਨ ਡਿਵੀਜ਼ਨ 2, ਪੈਰਾ 2.8.

ਅਧਿਕਾਰਤ (AUTHORIZED) ਕਾਰਡ-ਹੋਲਡਰ – ਕਾਰਡ ਜਾਰੀ ਕਰਨ ਵਾਲੇ ਦਿਨ ਤੋਂ ਹੀ ਅਧਿਕਾਰਤ ਕਾਰਡ-ਹੋਲਡਰ ਫਾਰਮ ਦੀ ਖਰੀਦਦਾਰੀ ਵਾਲੇ ਕੰਮਾਂ ਦੀ ਜ਼ਿੰਮੇਵਾਰੀ ਲੈਂਦੇ ਹਨ।

ਮੈਂਬਰ ਐਸੋਸੀਏਸ਼ਨ – ਇੱਕ BC ਪ੍ਰੋਡਿਊਸਰ ਐਸੋਸੀਏਸ਼ਨ ਜੋ BC ਖੇਤੀਬਾੜੀ ਕੌਂਸਲ ਦੇ ਨਾਲ ਵਧੀਆ ਸਥਿਤੀ ਵਿੱਚ ਹੋਵੇ

ਅਧਿਕਾਰਤ ਕਾਰਡਾਂ ਦੀ EXPIRY DATE (ਅੰਤ ਮਿਤੀ) – ਤੁਹਾਡੇ ਜੁੜੇ ਹੋਏ ਕੁਆਲੀਫਾਈਡ ਫਾਰਮਰ ID ਕਾਰਡ ਦੀ expiry date (ਅੰਤ ਮਿਤੀ) ਜੋ ਹੋਵੇਗੀ ਉਹੀ ਤੁਹਾਡੇ ਸਾਰੇ ਅਧਿਕਾਰਤ ਕਾਰਡਾਂ ਦੀ expiry date (ਅੰਤ ਮਿਤੀ) ਹੋਵੇਗੀ।

ਬਦਲਣ-ਯੋਗ (REPLACEMENT) ਕਾਰਡ – ਸਾਰੇ ਗੁਆਚੇ ਹੋਏ ਜਾਂ ਲਾਪਤਾ ਕਾਰਡਾਂ ਨੂੰ BC ਖੇਤੀਬਾੜੀ ਕੌਂਸਲ ਦੇ ਦਫ਼ਤਰ 'ਤੇ ਟੋਲ ਫ੍ਰੀ ਨੰਬਰ 1.866.522.3447 ਤੇ ਰਿਪੋਰਟ ਕੀਤਾ ਜਾਣਾ ਚਾਹੀਦਾ ਹੈ ਤੇ ਜਾਂ ਫਿਰ info@bcac.ca ਤੇ ਈਮੇਲ ਕੀਤਾ ਜਾਣਾ ਚਾਹੀਦਾ ਹੈ। ਸਾਰੇ ਕਾਰਡ ਬਦਲੇ ਤਾਂ ਜਾ ਸਕਦੇ ਹਨ, ਪਰ ਇਸਦੇ ਲਈ ਫੀਸ ਤੇ ਲਾਗੂ ਟੈਕਸ ਵੀ ਲੱਗਣਗੇ।

ਤਬਾਦਲੇ-ਯੋਗ (TRANSFERABILITY) ਕਾਰਡ – BC ਫਾਰਮਰ ID ਕਾਰਡ ਦਾ ਤਬਾਦਲਾ ਨਹੀਂ ਹੋ ਸਕਦਾ। ਕੁਆਲੀਫਾਈਡ ਫਾਰਮਰ ID ਕਾਰਡ-ਹੋਲਡਰਾਂ ਕੋਲ ਜੋ ਵੀ ਕਾਰਡ ਹਨ ਅਤੇ/ਜਾਂ ਅਧਿਕਾਰਤ ਕਾਰਡ ਹਨ, ਉਹ ਸਾਰੇ ਕਾਰਡ ਆਪਣੇ ਆਪ ਚ ਵੱਖਰੇ ਹੁੰਦੇ ਹਨ। ਜੇਕਰ ਕੁਆਲੀਫਾਈਡ ਫਾਰਮਰ ID ਕਾਰਡ-ਹੋਲਡਰ ਨੂੰ ਜਾਂ ਫਿਰ ਅਧਿਕਾਰਤ ਕਾਰਡ-ਹੋਲਡਰ ਨੂੰ ਆਪਣੇ ਕਾਰਡ ਦੀ ਹੁਣ ਲੋੜ ਨਹੀਂ ਰਹੀ, ਤਾਂ ਫਿਰ ਕਾਰਡ ਤੇ ਦਿੱਤੀ ਬੰਦੇ ਦੀ ਜਾਣਕਾਰੀ ਨੂੰ ਬਚਾਏ ਰੱਖਣ ਲਈ ਕਾਰਡ BCAC ਦੇ ਆਫਿਸ ਵਿੱਚ ਮੋੜਨਾ ਬਹੁਤ ਹੀ ਜਰੂਰੀ ਹੈ। ਜੇਕਰ ਇੱਕ ਨਵੇਂ ਕਰਮਚਾਰੀ ਨੂੰ ਇੱਕ ਅਧਿਕਾਰਤ ਕਾਰਡ ਦੀ ਲੋੜ ਹੈ, ਤਾਂ ਕੁਆਲੀਫਾਈਡ ਫਾਰਮਰ ID ਕਾਰਡ-ਹੋਲਡਰ ਇੱਕ ਨਵੇਂ ਕਾਰਡ ਲਈ ਅਪਲਾਈ ਕਰ ਸਕਦਾ ਹੈ ਅਤੇ ਫੀਸ ਤੇ ਟੈਕਸ ਵੀ ਲੱਗਣਗੇ।

ਐਕਸਪਾਇਰ ਹੋਏ ਕਾਰਡ – ਸਾਰੇ ਐਕਸਪਾਇਰ ਹੋਏ BC ਫਾਰਮਰ ID ਕਾਰਡ BC ਖੇਤੀਬਾੜੀ ਕੌਂਸਲ ਦੇ ਆਫਿਸ ਵਿੱਚ ਮੋੜਨੇ ਜਰੂਰੀ ਹਨ। ਅਜਿਹਾ ਇਸ ਲਈ ਕੀਤਾ ਜਾਂਦਾ ਹੈ ਤਾਂ ਜੋ ਕਾਰਡ 'ਤੇ ਦਿੱਤੀ ਬੰਦੇ ਦੀ ਜਾਣਕਾਰੀ ਨੂੰ ਬਚਾਕੇ ਰੱਖਿਆ ਜਾ ਸਕੇ। ਐਕਸਪਾਇਰ ਹੋਏ ਕਾਰਡ ਪੂਰੀ ਚੰਗੀ ਤਰ੍ਹਾਂ ਤੇ ਹਮੇਸ਼ਾ ਲਈ ਖਤਮ ਕਰ ਦਿੱਤੇ ਜਾਂਦੇ ਹਨ। ਕੁਆਲੀਫਾਈਡ ਫਾਰਮਰ ID ਕਾਰਡ-ਹੋਲਡਰ ਆਪਣੇ ਕਾਰਡ ਨੂੰ ਜਾਂ ਫਿਰ ਬਾਕੀ ਜੁੜੇ ਹੋਏ ਅਧਿਕਾਰਤ ਕਾਰਡਾਂ ਨੂੰ ਰੀ-ਨਿਊ (ਫਿਰ ਤੋਂ ਨਵਾਂ) ਕਰਾ ਸਕਦਾ ਹੈ।

ਸਾਰੇ ਪੈਸੇ ਵਾਪਸ – ਤੁਸੀਂ ਪੂਰੇ ਪੈਸੇ ਵਾਪਿਸ ਲੈਣ ਦੇ ਹੱਕਦਾਰ ਹੋ ਜੇਕਰ ਤੁਸੀਂ ਪੈਸੇ ਦੇਣ ਤੋਂ 10 ਦਿਨਾਂ ਦੇ ਅੰਦਰ-ਅੰਦਰ BC ਖੇਤੀਬਾੜੀ ਕੌਂਸਲ ਨੂੰ ਸੰਪਰਕ ਕਰਦੇ ਹੋ, ਜਿਸ ਦਿਨ BC ਖੇਤੀਬਾੜੀ ਕੌਂਸਲ ਦੇ ਦਫਤਰ ਵਿੱਚ ਤੁਹਾਡੀ ਅਸਲੀ ਅਰਜ਼ੀ ਪਹੁੰਚ ਜਾਵੇ, ਉਸ ਦਿਨ ਤੋਂ ਲੈਕੇ 10 ਦਿਨਾਂ ਦੇ ਅੰਦਰ-ਅੰਦਰ ਤੁਸੀਂ ਸੰਪਰਕ ਕਰ ਸਕਦੇ ਹੋ।

## ਕਿਰਪਾ ਕਰਕੇ ਇਸ ਸਾਲ ਦੀ ਆਪਣੀ ਪਰੌਪਰਟੀ ਅਸੈੱਸਮੈਂਟ ਦੇ ਨੋਟਿਸ ਦੀ ਵੀ ਇੱਕ ਨਕਲ ਇਸਦੇ ਨਾਲ ਸ਼ਾਮਿਲ ਕਰ ਦਿਓ

**UNIT 1 - 2650 PROGRESSIVE WAY, ABBOTSFORD BC V2T 6H9 P: 604.854.4454 T: 866.522.3447 F: 604.854.4485 E: info@bcac.ca**